media release

ਤੁਰੰਤ ਰਿਲੀਜ ਲਈ

# ਸਿਟੀ ਆਫ਼ ਬ੍ਰੈਂਪਟਨ ਨੇ ਸਰਦੀਆਂ ਸਬੰਧੀ ਸਥਿਤੀਆਂ ਲਈ ਤਿਆਰ ਰਹਿਣ ਦੇ ਕੰਮਾਂ ਦੀਆਂ ਸੇਵਾਵਾਂ ਵਿੱਚ ਵਾਧਾ ਕੀਤਾ

ਬ੍ਰੈਂਪਟਨ, ਓਨਟੈਰੀਓ (22 ਨਵੰਬਰ, 2019) – ਇਸ ਸਾਲ ਸਰਦੀਆਂ ਦਾ ਮੌਸਮ ਜਲਦੀ ਆ ਗਿਆ ਹੈ। ਬ੍ਰੈਂਪਟਨ ਦਾ ਅਮਲਾ ਨਿਵਾਸੀਆਂ ਲਈ ਰਸਤੇ ਨੂੰ ਸਾਫ਼ ਕਰਨ ਲਈ ਦਿਨ-ਰਾਤ ਕੰਮ ਕਰ ਰਿਹਾ ਹੈ। ਇਸ ਹਫ਼ਤੇ, ਇਸ ਸੇਵਾ ਨੂੰ ਸ਼ਾਮਲ ਕਰਨ ਲਈ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਨਿਵਾਸੀਆਂ ਲਈ ਸੀਜਨ ਨੂੰ ਵੱਧ ਸੁਰੱਖਿਅਤ ਅਤੇ ਵੱਧ ਅਸਾਨ ਬਣਾਉਣ ਵਿੱਚ ਮਦਦ ਲਈ ਸਰਦੀ ਦੇ ਕਈ ਕੰਮਾਂ ਵਿੱਚ ਸੁਧਾਰਾਂ ਲਈ ਮਨਜ਼ੂਰੀ ਦਿੱਤੀ ਹੈ।

ਵਿਸਤਾਰ ਵਿੱਚ ਸ਼ਾਮਲ ਹਨ, ਸਥਾਨਕ ਸੜਕਾਂ ਤੇ 7.5 ਸੈਂ.ਮੀ. ਵਾਧੇ ਤੋਂ ਲੈ ਕੇ 5.0 ਸੈਂ.ਮੀ. ਤੱਕ ਦੇ ਵਧੇ ਹੋਏ ਸੇਵਾ ਪੱਧਰ। ਇਸਦਾ ਅਰਥ ਹੈ ਕਿ ਅਮਲਾ ਸਰਦੀ ਦੇ ਮੌਸਮ ਵਿੱਚ ਕਿਸੇ ਘਟਨਾ ਦੌਰਾਨ ਵੱਧ ਜਲਦੀ ਨਾਲ ਭੇਜਿਆ ਜਾਵੇਗਾ। ਇਸਤੋਂ ਇਲਾਵਾ, ਨਿਵਾਸੀ ਹੁਣ ਸਿਟੀ ਵੱਲੋਂ www.brampton.ca/snow ਤੇ ਨਵੇਂ ਸ਼ੁਰੂ ਕੀਤੇ ਪਲੋ ਟ੍ਰੈਕਰ (Plow Tracker) ਦੀ ਵਰਤੋਂ ਕਰਦੇ ਹੋਏ ਦੇਖ ਸਕਦੇ ਹਨ ਕਿ ਅਮਲੇ ਨੇ ਕਿਹੜੀਆਂ ਸੜਕਾਂ ਅਤੇ ਪਗਡੰਡੀਆਂ ਸਾਫ਼ ਕੀਤੀਆਂ ਹਨ।

ਸਿਟੀ ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਸਰਦੀਆਂ ਦੇ ਮੌਸਮ ਲਈ ਤਿਆਰ ਰਹਿਣਾ ਇੱਕ ਟੀਮ ਯਤਨ ਹੈ ਅਤੇ ਹਰੇਕ ਦੀ ਮਦਦ ਨਾਲ, ਇਹ ਸੀਜਨ ਸਾਰਿਆਂ ਲਈ ਵੱਧ ਸੁਰੱਖਿਅਤ ਹੋ ਸਕਦਾ ਹੈ:

- ਬਰਫ਼ ਪੈਣ ਦੇ ਅਗਲੇ ਦਿਨ ਸਵੇਰੇ 11 ਤੱਕ ਪਗਡੰਡੀਆਂ ਤੋਂ ਆਈਸ, ਬਰਫ਼ ਅਤੇ ਪੰਘਰ ਰਹੀ ਬਰਫ਼ ਸਾਫ਼ ਕਰੋ।
- ਗਲੀਆਂ ਵਿੱਚ ਪਾਰਕਿੰਗ ਦੀ ਇਜਾਜ਼ਤ ਨਹੀਂ ਹੈ। ਇਹ ਨਿਯਮ ਸਰਦੀ ਦੇ ਮੌਸਮ ਸਬੰਧੀ ਘਟਨਾਵਾਂ ਦੇ ਦੌਰਾਨ ਲਾਗੂ ਰਹੇਗਾ। ਕਿਰਪਾ ਕਰਕੇ ਇਹ ਯਕੀਨੀ ਬਣਾਉਣ ਲਈ ਵਾਹਨਾਂ ਨੂੰ ਹਟਾਓ ਕਿ ਬਰਫ਼ ਹਟਾਉਣ ਵਾਲੇ ਅਤੇ ਐਮਰਜੈਂਸੀ ਵਾਹਨ ਸੁਰੱਖਿਅਤ ਤਰੀਕੇ ਨਾਲ ਗਲੀ ਵਿੱਚ ਆ ਸਕਣ।
- ਜੇਕਰ ਬਰਫ਼ ਪੈਣ ਤੋਂ ਬਾਅਦ 24 ਘੰਟਿਆਂ ਤੋਂ ਵੱਧ ਸਮਾਂ ਬੀਤ ਗਿਆ ਹੈ ਅਤੇ ਤੁਹਾਡੀ ਗਲੀ ਤੇ ਹਾਲੀਂ ਵੀ ਧਿਆਨ ਦੇਣ ਦੀ ਲੋੜ ਹੈ, ਤਾਂ 3-1-1 ਤੇ ਫ਼ੋਨ ਕਰਕੇ ਸਿਟੀ ਨੂੰ ਇਸ ਬਾਰੇ ਦੱਸੋ।
- ਯੋਗ ਬਜ਼ੁਰਗਾਂ ਅਤੇ ਅਪਾਹਜਪੁਣਿਆਂ ਵਾਲੇ ਨਿਵਾਸੀਆਂ ਲਈ, ਬਰਫ਼ ਹਟਾਉਣ ਸਬੰਧੀ ਆਰਥਿਕ ਸਹਾਇਤਾ ਉਪਲਬਧ ਹੈ। ਹੋਰ ਜਾਣੋ: http://ow.ly/D2R050xgPq2.

ਸਿਟੀ ਦੇ ਸਰਦੀ ਦੇ ਕੰਮਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/snow ਤੇ ਜਾਓ।

**ਹਵਾਲੇ**

"ਬ੍ਰੈਂਪਟਨ ਵਿੱਚ ਸਰਦੀ ਬਰਫ਼, ਆਈਸ, ਬਰਫ਼ੀਲੀ ਵਰਖਾ, ਠੰਡਾ ਤਾਪਮਾਨ ਅਤੇ ਹੋਰ ਤੀਬਰ ਸਥਿਤੀਆਂ ਪੈਦਾ ਕਰ ਸਕਦੀ ਹੈ – ਅਸੀਂ ਇਹਨਾਂ ਦਾ ਮੁਕਾਬਲਾ ਕਰਨ ਲਈ ਤਿਆਰ ਹਾਂ। ਸਾਡੇ ਨਵੇਂ ਵਧੇ ਹੋਏ ਸੇਵਾ ਪੱਧਰਾਂ ਦੇ ਨਾਲ ਸਾਡੀਆਂ ਟੀਮਾਂ, ਇਸ ਸੀਜਨ ਵਿੱਚ ਬ੍ਰੈਂਪਟਨ ਨੂੰ ਸੁਰੱਖਿਅਤ ਰੱਖਣ ਲਈ ਸ਼ਾਨਦਾਰ, ਦਿਨ-ਰਾਤ ਦੀ ਸੇਵਾ ਮੁਹੱਈਆ ਕਰਨਗੀਆਂ। ਅਸੀਂ ਨਿਵਾਸੀਆਂ ਨੂੰ ਉਤਸ਼ਾਹਿਤ ਕਰਦੇ ਹਾਂ ਕਿ ਉਹ ਸਫ਼ਰ ਕਰਦੇ ਸਮੇਂ ਥੋੜ੍ਹਾ ਵੱਧ ਸਮਾਂ ਲੈ ਕੇ ਚੱਲਣ, ਹੌਲੀ ਤੁਰਨ, ਸਾਵਧਾਨ ਰਹਿਣ ਅਤੇ ਬਰਫ਼ ਸਾਫ਼ ਕਰਨ ਵਾਲੇ ਵਾਹਨਾਂ ਲਈ ਜਗ੍ਹਾ ਛੱਡਣ। ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

**BRAMPTON Flower City** brampton.ca

**media release**

“ਸਰਦੀਆਂ ਸਬੰਧੀ ਸਥਿਤੀਆਂ ਲਈ ਪ੍ਰਤੀਕਿਰਿਆ ਕਰਨਾ, ਸਿਟੀ ਆਫ ਬ੍ਰੈਂਪਟਨ ਵਿਖੇ ਸਭ ਤੋਂ ਵੱਡੇ ਕੰਮਾਂ ਵਿੱਚੋਂ ਇੱਕ ਹੈ। ਸਾਡੀ ਕਾਉਂਸਿਲ ਨੇ ਬ੍ਰੈਂਪਟਨ ਵਾਸੀਆਂ ਲਈ ਸਾਡੀਆਂ ਮੁੱਖ ਸੇਵਾਵਾਂ ਵਿੱਚ ਸੁਧਾਰ ਕਰਨ ਲਈ ਸੇਵਾ ਪੱਧਰਾਂ ਵਿੱਚ ਵਾਧੇ ਕੀਤੇ ਹਨ। ਹਰ ਸਾਲ, ਸਾਡਾ ਅਮਲਾ 3,986 ਲੇਨ ਕਿਲੋਮੀਟਰ ਦੀਆਂ ਸੜਕਾਂ, 2,462 ਟ੍ਰਾਂਜ਼ਿਟ ਸਟੌਪਸ ਅਤੇ 979 ਕਿਲੋਮੀਟਰ ਪਗਡੰਡੀਆਂ/ਪੈਦਲ ਤੁਰਨ ਦੇ ਰਸਤਿਆਂ ਦੀ ਦੇਖਭਾਲ ਕਰਦਾ ਹੈ। ਅਸੀਂ ਨਿਵਾਸੀਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਇਹ ਯਕੀਨੀ ਬਣਾ ਕੇ ਆਪਣੇ ਭਾਈਚਾਰਿਆਂ ਨੂੰ ਸਰਦੀਆਂ ਦੀਆਂ ਸਥਿਤੀਆਂ ਲਈ ਤਿਆਰ ਰੱਖਣ ਕਿ ਰਿਹਾਇਸ਼ੀ ਪਗਡੰਡੀਆਂ ਸਾਫ਼ ਹਨ ਅਤੇ ਬਰਫ਼ ਪੈਣ ਦੇ ਦੌਰਾਨ ਕਾਰਾਂ ਦੀ ਪਾਰਕਿੰਗ ਸੜਕ ਤੋਂ ਦੂਰ ਕੀਤੀ ਹੋਈ ਹੈ, ਤਾਂ ਜੋ ਬਰਫ਼ ਹਟਾਉਣ ਵਾਲੇ ਅਤੇ ਐਮਰਜੈਂਸੀ ਵਾਹਨ ਸੁਰੱਖਿਅਤ ਤਰੀਕੇ ਨਾਲ ਲੰਘ ਸਕਣ।”

- *ਰੀਜਨਲ ਕਾਉਂਸਲਰ ਪਾੱਲ ਵਿਸੇਂਟ* (Paul Vicente), *ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ*

“ਸਰਦੀਆਂ ਦੇ ਸੀਜਨ ਦੇ ਦੌਰਾਨ, ਬਰਫ਼ ਹਟਾਉਣ, ਐਂਟੀ-ਆਈਸਿੰਗ ਅਤੇ ਨਮਕ ਵਿਛਾਉਣ ਦੀ ਜ਼ਿੰਮੇਵਾਰੀ ਸਿਟੀ ਦੇ ਅਮਲੇ ਦੀ ਹੁੰਦੀ ਹੈ। ਇੱਕੋ ਵੇਲੇ ਨਮਕ ਵਿਛਾਉਣ ਅਤੇ ਬਰਫ਼ ਹਟਾਉਣ ਦੇ ਸੁਮੇਲ ਵਾਲੇ ਵਾਹਨਾਂ ਦੀ ਵਰਤੋਂ ਕਰਨ ਜਿਹੀਆਂ ਪਹਿਲਕਦਮੀਆਂ ਰਾਹੀਂ, ਸਿਟੀ ਦਾ ਉਦੇਸ਼ ਸੜਕ ਤੇ ਨਮਕ ਦੇ ਅਸਰ ਅਤੇ ਵਾਤਾਵਰਣ ਤੇ ਸਰਦੀਆਂ ਸਬੰਧੀ ਫਲੀਟ ਨਿਕਾਸੀਆਂ ਨੂੰ ਘੱਟ ਕਰਦੇ ਹੋਏ ਵਧੀਆ ਸੇਵਾ ਮੁਹੱਈਆ ਕਰਨਾ ਹੈ।”

- *ਰੀਜਨਲ ਕਾਉਂਸਲਰ ਪੈਟ ਫੋਰਟਿਨੀ* (Pat Fortini), *ਵਾਈਸ-ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca